I/311573/2022

**ਪੰਜਾਬ ਸਰਕਾਰ**
**ਸਿਹਤ ਤੇ ਪਰਿਵਾਰ ਭਲਾਈ ਵਿਭਾਗ**
**(ਸਿਹਤ-2 ਸ਼ਾਖਾ)**

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਪੰਜਾਬ, ਚੰਡੀਗੜ੍ਹ।

**ਮਿਤੀ, ਚੰਡੀਗੜ੍ਹ;** 28/01/2022

**ਵਿਸ਼ਾ:-** **ਪੀ.ਸੀ.ਐਮ.ਐਸ. ਮੈਡੀਕਲ ਅਫ਼ਸਰਾਂ ਨੂੰ ਡੀ.ਐਨ.ਬੀ. ਕੋਰਸ ਕਰਨ ਲਈ ਪ੍ਰੋਵੀਜ਼ਨਲ ਐਨ.ਓ.ਸੀ. ਜਾਰੀ ਕਰਨ ਬਾਰੇ।**

****

ਉਪਰੋਕਤ ਵਿਸੇ ਆਪ ਦੇ ਪੱਤਰ ਨੰ:ਈ-4(4)ਪੰ:/2022/500, ਮਿਤੀ 20.1.2022 ਦੇ ਹਵਾਲੇ ਵਿਚ ।।

**2.** ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਵੱਲੋਂ ਭੇਜੇ ਗਏ ਵੇਰਵਿਆਂ/ਤਜਵੀਜ਼ਾਂ/ਸਿਫਾਰਸ਼ਾਂ ਅਨੁਸਾਰ ਹੇਠ ਦਰਸਾਏ ਗਏ ਪੀ.ਸੀ.ਐਮ.ਐਸ਼ ਮੈਡੀਕਲ ਅਫਸਰ ਨੂੰ ਪੰਜਾਬ ਰਾਜ ਦੇ ਜ਼ਿਲ੍ਹਾਂ ਹਸਪਤਾਲਾਂ ਤੋਂ ਸਿਹਤ ਵਿਭਾਗ ਦੀਆਂ ਹਦਾਇਤਾਂ/ਪਾਲਿਸੀ ਨੰ:HFW-HLH2026D/175/2021-3H2/7143-7145, ਮਿਤੀ 14.12.2021 ਵਿੱਚ ਦਰਜ ਸ਼ਰਤਾਂ ਦੇ ਆਧਾਰ ਤੇ ਡੀ.ਐਨ.ਬੀ. ਕੋਰਸ ਕਰਨ ਲਈ ਹੇਠ ਅਨੁਸਾਰ ਸਪਾਂਸਰ ਕੀਤਾ ਜਾਂਦਾ ਹੈ:-

| ਲੜੀ ਨੰ: | ਡਾਕਟਰ ਦਾ ਨਾਮ/ ਸੇਵਾ ਨੰ:/ ਪੋਸਟਿੰਗ ਦਾ ਸਥਾਨ | ਪਰਖ ਕਾਲ ਪਾਰ ਹੈ ਜਾਂ ਨਹੀਂ | ਸ਼ਿਕਾਇਤ ਪੜਤਾਲ ਲੰਬਿਤ ਹੈ ਜਾਂ ਨਹੀਂ | ਡੀ.ਐਨ.ਬੀ. ਕਰਨ ਉਪਰੰਤ 06 ਸਾਲ ਦੀ ਸੇਵਾ ਬਕਾਇਆ ਹੈ ਜਾਂ ਨਹੀਂ | ਰੂਰਲ ਸੇਵਾ ਅਤੇ ਕੈਟਾਗਿਰੀ | ਕਿਸ ਕੈਟਾਗਿਰੀ ਵਿੱਚ ਸਪਾਂਸਰ ਕੀਤਾ ਜਾਣਾ ਹੈ |
|---|---|---|---|---|---|---|
| 1. | ਡਾ. ਸੁਰਭੀ ਸਾਂਗਰਾ, ਮੈਡੀਕਲ ਅਫਸਰ, ਮੈਰਿਟ ਨੰ 880/ਐਸ.ਸੀ./ਬੈਚ 2016, ਸੀ.ਐਚ.ਸੀ. ਕਾਲਾ ਸੰਘਿਆ, ਜਿਲ੍ਹਾ ਕਪੂਰਥਲਾ | ਪਾਰ ਹੈ | ਨਹੀਂ | ਹਾਂ ਜੀ | 4 ਸਾਲ 11 ਮਹੀਨੇ (ਕੈਟਾਗਰੀ ਸੀ) | ਸਪਾਂਸਰਡ ਕੈਟਾਗਰੀ ਅਧੀਨ |

3. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਪ੍ਰਾਪਤ ਤਜਵੀਜ਼/ਵੇਰਵਿਆਂ ਅਨੁਸਾਰ ਉਕਤ ਮੈਡੀਕਲ ਅਫਸਰਾਂ ਨੂੰ ਵਿਭਾਗ ਦੀਆਂ ਹਦਾਇਤਾਂ/ਪਾਲਿਸੀ ਨੰ:HFW-HLH2026D/175/2021-3H2/7143-7145, ਮਿਤੀ 14.12.2021 ਰਾਹੀਂ ਜਾਰੀ ਹਦਾਇਤਾਂ ਵਿਚ ਦਰਜ ਸ਼ਰਤਾਂ ਦੇ ਅਧਾਰ ਤੇ ਜਾਰੀ ਕੀਤਾ ਜਾਂਦਾ ਹੈ:-

ੳ. **<u>ਸਪਾਂਸਰਡ ਕੈਟਾਗਿਰੀ ਲਈ ਸ਼ਰਤਾਂ</u>**:-

i) ਜਿਨ੍ਹਾਂ ਪੀ.ਸੀ.ਐਮ.ਐਸ. ਮੈਡੀਕਲ ਅਫ਼ਸਰਾਂ ਨੇ 3 ਸਾਲ ਦੀ ਸੇਵਾ Difficult Rural Area ਜਾਂ More Difficult Rural Area ਵਿੱਚ ਪੂਰੀ ਕੀਤੀ ਹੋਵੇ;

ii) ਪਰਖਕਾਲ ਸਮਾਂ ਪਾਰ ਹੋਵੇ;

iii) ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਂ ਕੋਈ ਵਿਜੀਲੈਂਸ ਪੜਤਾਲ ਆਦਿ ਲੰਬਿਤ ਨਾਂ ਹੋਵੇ;

iv) ਚੋਣ ਹੋਣ ਉਪਰੰਤ ਡਾਕਟਰ ਵੱਲੋਂ 6 ਸਾਲ ਦੀ ਸੇਵਾ ਕਰਨ ਲਈ ਰੁ.25,00,000/- (ਪੱਚੀ ਲੱਖ ਰੁਪਏ) ਦਾ ਬਾਂਡ ਭਰਨਾ ਹੋਵੇਗਾ;

v) ਕੋਰਸ ਕਰਨ ਉਪਰੰਤ ਡਾਕਟਰ ਦੀ 6 ਸਾਲ ਦੀ ਸੇਵਾ ਬਾਕੀ ਰਹਿੰਦੀ ਹੋਵੇ; ਅਤੇ

vi) ਜੇਕਰ ਡਾਕਟਰ ਕੋਰਸ ਕਰਨ ਉਪਰੰਤ ਸੇਵਾ ਪੂਰੀ ਨਹੀਂ ਕਰਦਾ ਜਾਂ ਬਾਂਡ ਮਨੀਂ ਨਹੀਂ ਭਰਦਾ ਤਾਂ ਉਸ ਦੀ ਰਜਿਸਟਰੇਸ਼ਨ ਸਬੰਧਤ ਮੈਡੀਕਲ ਕੌਂਸਲ ਤੋਂ ਰੱਦ ਕਰਵਾ ਦਿੱਤੀ ਜਾਵੇਗੀ।

4. ਉਕਤ ਸ਼ਰਤਾਂ ਤੋਂ ਇਲਾਵਾ ਸਿਹਤ ਵਿਭਾਗ ਦੀਆਂ ਹਦਾਇਤਾਂ ਪਾਲਿਸੀ ਨੰ:26/142/18-2HB2/1509055/1-3, ਮਿਤੀ 25.06.2019 ਵਿੱਚ ਦਰਜ਼ ਸ਼ਰਤਾਂ ਵੀ ਲਾਗੂ ਹੋਣਗੀਆਂ। ਸਪਾਂਸਰਡ ਕੈਟਾਗਰੀ ਅਧੀਨ ਡਾਕਟਰ ਨੂੰ ਡੀ.ਐਨ.ਬੀ. ਕੋਰਸ ਦੌਰਾਨ ਸਰਕਾਰ ਦੇ ਪੱਤਰ No.27/35/15-5HB2/447931/1, dated 26.3.2015 ਅਨੁਸਾਰ ਐਨ.ਪੀ.ਏ. ਮਿਲਣਯੋਗ ਨਹੀਂ ਹੋਵੇਗਾ।

5. ਚੋਣ ਹੋ ਜਾਣ ਉਪਰੰਤ ਡਾਕਟਰ ਫਾਰਮਲ ਐਨ.ਓ.ਸੀ. ਲੈਕੇ ਜਾਣਗੇ। ਜੇਕਰ ਬਾਅਦ ਵਿੱਚ ਸਰਕਾਰ ਦੇ ਧਿਆਨ ਵਿੱਚ ਕੋਈ ਪ੍ਰਤੀਕੂਲ ਤੱਥ ਆਉਂਦੇ ਹਨ ਤਾਂ ਐਨ.ਓ.ਸੀ. ਨੂੰ ਰੱਦ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

ਸੁਪਰਡੰਟ

ਮਿਤੀ, ਚੰਡੀਗੜ੍ਹ: 28/01/2022

ਇਸ ਦਾ ਇਕ ਉਤਾਰਾ ਹੇਠ ਲਿੱਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, (ਸਿਹਤ-3 ਸ਼ਾਖਾ) ਪੰਜਾਬ, ਚੰਡੀਗੜ੍ਹ;
2. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਮੈਡੀਕਲ ਭਵਨ, ਸੈਕਟਰ-69, ਮੋਹਾਲੀ (ਵਿਭਾਗ ਦੀ ਵੈਬਸਾਇਟ ਰਾਹੀਂ);
3. ਸਬੰਧਤ ਸਿਵਲ ਸਰਜਨ (ਵਿਭਾਗ ਦੀ ਵੈਬਸਾਇਟ ਰਾਹੀਂ);
4. ਸਬੰਧਤ ਡਾਕਟਰ (ਵਿਭਾਗ ਦੀ ਵੈਬਸਾਇਟ ਰਾਹੀਂ)।

ਸੁਪਰਡੰਟ

I/311573/2022

**Government of Punjab**
**Department of Health & Family Welfare**
**(Health-2 Branch)**

For admission to Sponsored DNB (Post MBBS and Post Diploma) Seats

Reference No. I/311573/2022 Dated 28/01/2022

To

National Board of Examinations in Medical Sciences,
Medical Enclave,
Mahatma Gandhi Marg (Ring Road),
Ansari Nagar, New Delhi-110029

**Subject** **Candidates who are eligible for participating to the Sponsored DNB (Post MBBS and Post Diploma) Seats Regarding**

Sir,

It is hereby certified that the following IN-SERVICE candidates who have appeared in NEET. PG / ONB-POCET 2021 session and qualified the exam are eligible for participating in the Sponsored DNB (Post MBBS/ Post Diploma) counseling conducted by NBEMS

| Sr.No. | Name of the Candidate | Neet PG/DNB-PDCET Roll No. | Obtained Score | Merit Position |
|---|---|---|---|---|
| 1 | Dr Surbhi Sangra D/o Yash Pal Sangra | 21661006051 | 298 | 83425 |

1. It is hereby confirmed that he/she is/are working on a regular basis in the department of Health and Family Welfare in Govt. of Punjab which is State Government Organization.

2 The undersigned is fully aware that:-

(i) NBEMS is conducting centralized merit based Counseling on All India Basis.

(ii) Candidates can opt for the Sponsored DNB seat either in the NBEMS accredited Government hospital or an NBEMS accredited Private hospitals.

(iii) Candidates can opt for the Sponsored DNB seat in their State wherein he/she is serving or in the other States/UTs of India.

3. The undersigned undertakes that NOC shall be granted to the candidate as per the policy of Department of Health and Family Welfare, Government of Punjab.

4. The candidate shall continue to get the salary and necessary allowances as per the policy of Government of Punjab, Department of Health and Family Welfare for the entire period of DNB Training.

28/1/22

Official Seal with Name and Designation.

Under Secretary
Health Department